# India - Myanmar Foreign Office Consultations

October 01, 2020

## ਭਾਰਤ - ਮਿਆਂਮਾਰ ਵਿਦੇਸ਼ ਦਫਤਰਾਂ ਦਰਮਿਆਨ ਸਲਾਹ-ਮਸ਼ਵਰੇ

1 ਅਕਤੂਬਰ, 2020

ਭਾਰਤ ਅਤੇ ਮਿਆਂਮਾਰ ਦਰਮਿਆਨ ਵਿਦੇਸ਼ੀ ਦਫ਼ਤਰਾਂ ਦੇ 19ਵੇਂ ਗੇੜ ਦੇ ਸਲਾਹ-ਮਸ਼ਵਰੇ 1 ਅਕਤੂਬਰ, 2020 ਨੂੰ ਵਰਚੁਅਲ ਮੋਡ ਰਾਹੀਂ ਹੋਏ। ਭਾਰਤੀ ਵਫਦ ਦੀ ਅਗਵਾਈ ਵਿਦੇਸ਼ ਸਕੱਤਰ ਸ਼੍ਰੀ ਹਰਸ਼ਵਰਧਨ ਸ਼ਰਿੰਗਲਾ ਕਰ ਰਹੇ ਸਨ ਅਤੇ ਮਿਆਂਮਾਰ ਦੇ ਵਫ਼ਦ ਦੀ ਅਗਵਾਈ ਸਥਾਈ ਸੱਕਤਰ ਯੂ ਸੋਈ ਹਾਨ ਕਰ ਰਹੇ ਸਨ।

ਇਸ ਵਿਚਾਰ ਵਟਾਂਦਰੇ ਦੌਰਾਨ ਦੋਵਾਂ ਧਿਰਾਂ ਨੇ ਸਰਹੱਦੀ ਭਾਈਵਾਲੀ ਅਤੇ ਸਰਹੱਦੀ ਬੁਨਿਆਦੀ ਢਾਂਚੇ ਨੂੰ ਸੁਧਾਰਨ, ਮਿਆਂਮਾਰ ਅੰਦਰ ਚੱਲ ਰਹੇ ਭਾਰਤ ਦੇ ਵਿਕਾਸ ਪ੍ਰਾਜੈਕਟਾਂ ਦੀ ਸਥਿਤੀ, ਵਪਾਰਕ ਅਤੇ ਨਿਵੇਸ਼ ਸਬੰਧਾਂ, ਬਿਜਲੀ ਅਤੇ ਊਰਜਾ ਸਹਿਯੋਗ, ਕੌਂਸਲਰ ਨਾਲ ਸਬੰਧਤ ਮਾਮਲਿਆਂ ਅਤੇ ਬਾਗਾਨ ਵਿੱਚ ਭੁਚਾਲ ਨਾਲ ਨੁਕਸਾਨੇ ਗਏ ਪਗੋਡਾ ਨੂੰ ਠੀਕ ਕਰਨ ਦੇ ਕੰਮ ਸਮੇਤ ਸੱਭਿਆਚਾਰਕ ਸਹਿਯੋਗ ਸਣੇ ਸਮੁੱਚੇ ਸੰਬੰਧਾਂ ਦਾ ਜਾਇਜ਼ਾ ਲਿਆ। ਖੇਤਰੀ ਅਤੇ ਬਹੁਪੱਖੀ ਮੰਚਾਂ ਉੱਤੇ ਭਾਈਵਾਲੀ ਬਾਰੇ ਵੀ ਵਿਚਾਰ ਵਟਾਂਦਰੇ ਕੀਤੇ ਗਏ। ਦੋਵਾਂ ਧਿਰਾਂ ਨੇ ਤੱਸਲੀ ਪ੍ਰਗਟਾਈ ਕਿ ਮੌਜੂਦਾ COVID ਮਹਾਂਮਾਰੀ ਦੇ ਬਾਵਜੂਦ ਬਿਜਲੀ, ਊਰਜਾ ਆਦਿ ਸਮੇਤ ਕਈ ਖੇਤਰਾਂ ਵਿੱਚ ਵਰਚੁਅਲ ਬੈਠਕਾਂ ਹੋਈਆਂ ਹਨ, ਜੋ ਦੁਵੱਲੇ ਸਬੰਧਾਂ ਦੀ ਡੂੰਘਾਈ ਦਰਸਾਉਂਦੀਆਂ ਹਨ। ਇਹ ਗੱਲ ਵੀ ਦੱਸੀ ਗਈ ਕਿ 20 ਅਕਤੂਬਰ ਨੂੰ ਹੋਣ ਵਾਲੀ ਅਗਲੀ ਸੰਯੁਕਤ ਵਪਾਰ ਕਮੇਟੀ ਦੀ ਮੰਤਰੀ ਪੱਧਰੀ ਬੈਠਕ ਨਾਲ ਦੁਵੱਲੇ ਵਪਾਰ ਅਤੇ ਨਿਵੇਸ਼ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਵਿੱਚ ਮਦਦ ਮਿਲੇਗੀ।

ਦੋਵਾਂ ਧਿਰਾਂ ਨੇ COVID -19 ਤੋਂ ਪੈਦਾ ਹੋਈਆਂ ਚੁਣੌਤੀਆਂ ਅਤੇ ਟੀਕੇ ਦੇ ਵਿਕਾਸ, ਦਵਾਈਆਂ, ਉਪਕਰਣਾਂ ਅਤੇ ਤਕਨਾਲੋਜੀ ਦੀ ਸਪਲਾਈ ਅਤੇ ਸਮਰੱਥਾ ਨਿਰਮਾਣ ਸਮੇਤ ਇਸਦੇ ਅਸਰਾਂ ਨੂੰ ਘਟਾਉਣ ਦੇ ਤਰੀਕਿਆਂ ਉੱਤੇ ਵੀ ਵਿਸਥਾਰ ਨਾਲ ਵਿਚਾਰ ਵਟਾਂਦਰੇ ਕੀਤੇ।

ਵਿਦੇਸ਼ ਸਕੱਤਰ ਨੇ ਭਾਰਤ ਵੱਲੋਂ ਆਪਣੀਆਂ 'ਗੁਆਂਢੀ ਪਹਿਲਾਂ' ਅਤੇ 'ਐਕਟ ਈਸਟ' ਨੀਤੀਆਂ ਅਨੁਸਾਰ ਮਿਆਂਮਾਰ ਨਾਲ ਆਪਣੀ ਭਾਈਵਾਲੀ ਨੂੰ ਦਿੱਤੀ ਜਾਣ ਵਾਲੀ ਤਰਜੀਹ ਦੀ ਗੱਲ ਦੁਹਰਾਈ। ਉਨ੍ਹਾਂ ਨੇ ਕਿਹਾ ਕਿ ਭਾਰਤ ਮਿਆਂਮਾਰ ਨਾਲ ਆਪਣੀ ਬਹੁਪੱਖੀ ਭਾਈਵਾਲੀ ਵਧਾਉਣ ਅਤੇ ਸਹਿਯੋਗ ਦੇ ਨਵੇਂ ਖੇਤਰਾਂ ਦੀ ਭਾਲ ਕਰਨ ਪ੍ਰਤੀ ਵਚਨਬੱਧ ਰਿਹਾ ਹੈ।

ਸਥਾਈ ਸਕੱਤਰ ਨੇ ਦੋਵਾਂ ਦੇਸ਼ਾਂ ਦੇ ਆਪਸੀ ਫਾਇਦੇ ਲਈ ਭਾਰਤ ਨਾਲ ਆਪਣੀ ਪੁਰਾਣੀ ਭਾਈਵਾਲੀ ਨੂੰ ਹੋਰ ਮਜ਼ਬੂਤ ਕਰਨ ਪ੍ਰਤੀ ਮਿਆਂਮਾਰ ਦੀ ਵਚਨਬੱਧਤਾ ਦੀ ਤਸਦੀਕ ਕੀਤੀ। ਉਨ੍ਹਾਂ ਨੇ ਭਾਰਤ ਵੱਲੋਂ ਮਿਆਂਮਾਰ ਨੂੰ COVID ਨਾਲ ਸਬੰਧਤ ਅਤੇ ਵਿਕਾਸ ਸਹਾਇਤਾ ਦਿੱਤੇ ਜਾਣ ਦੀ ਵੀ ਸ਼ਲਾਘਾ ਕੀਤੀ। ਉਨ੍ਹਾਂ ਨੇ 1 ਮਈ, 2020 ਤੋਂ 31 ਦਸੰਬਰ, 2020 ਤੱਕ G -20 ਕਰਜ਼ਾ ਭੁਗਤਾਨ ਮੁਅੱਤਲੀ ਪਹਿਲ ਦੇ ਤਹਿਤ ਕਰਜ਼ਾ ਭੁਗਤਾਨ ਵਿੱਚ ਰਾਹਤ ਦੇਣ ਲਈ ਭਾਰਤ ਦਾ ਧੰਨਵਾਦ ਕੀਤਾ।

ਦੋਨਾਂ ਪੱਖਾਂ ਨੇ ਵਿਦੇਸ਼ ਦਫਤਰਾਂ ਦੇ ਸਲਾਹ-ਮਸ਼ਵਰੇ ਦਾ ਅਗਲਾ ਗੇੜ ਆਪਸੀ ਸਹੂਲਤ ਦੇ ਸਮੇਂ 'ਤੇ ਕਰਵਾਉਣ ਉੱਤੇ ਸਹਿਮਤੀ ਪ੍ਰਗਟਾਈ।

ਨਵੀਂ ਦਿੱਲੀ
1 ਅਕਤੂਬਰ, 2020

DISCLAIMER: This is an approximate translation. The original is available in English on MEA's website and may be referred to as the official press release.